Surrey Schools
LEADERSHIP IN LEARNING

Tel: 604.596.7733
www.surreyschools.ca

# ਨਵੇਂ ਵਿਦਿਆਰਥੀਆਂ ਦੇ ਦਾਖਲੇ ਸਬੰਧੀ ਜਾਣਕਾਰੀ

## New Student Registration

*ਜਿਹੜੇ ਬੱਚੇ ਸਰ੍ਹੀ ਦੇ ਪਬਲਿਕ ਸਕੂਲ ਸਿਸਟਿਮ ਵਿੱਚ ਪਹਿਲੀ ਵਾਰ ਦਾਖਲਾ ਲੈ ਰਹੇ ਹਨ, ਓਹਨਾਂ ਨੂੰ ਪਹਿਲਾਂ ਆਪ ਦੇ ਗੁਆਂਢ ਦੇ ਸਕੂਲ ਵਿੱਚ ਦਾਖਿਲਾ ਲੈਣਾ ਪੈਂਦਾ ਹੈ ਜਾਂ ਅਗਰ ਸੀਟ ਖਾਲੀ ਹੋਵੇ ਤਾਂ ਆਪਣੇ ਮਨ ਪਸੰਦ ਦੇ ਸਕੂਲ ਵਿੱਚ ।*

ਦਾਖਲੇ ਸਮੇਂ ਇਹਨਾਂ ਦਰਜ ਕੀਤੇ ਗਏ ਦਸਤਾਵੇਜਾਂ ਦੀ ਜ਼ਰੂਰਤ ਪਏਗੀ

1. **ਬੱਚੇ ਦੇ ਜਨਮ ਦੀ ਤਰੀਕ ਦਾ ਸਬੂਤ, ਜਿਵੇਂ ਜਨਮ ਸਰਟੀਫਿਕੇਟ**

2. **ਬੱਚੇ ਦੇ ਮਾਤਾ ਪਿਤਾ ਦੇ ਹੋਣ ਦਾ ਸਬੂਤ** (ਜਿਵੇਂ ਕਿ ਜਨਮ ਸਰਟੀਫਿਕੇਟ ਓਪਰ, ਜਾਂ ਹੋਰ ਕਿਸੇ ਵੀ ਕਾਨੂੰਨੀ ਪੇਪਰ ਓਪਰ ਜੋ ਗੌਰਮਿੰਟ ਵਲੋਂ ਜਾਰੀ ਕੀਤਾ ਹੋਵੇ, ਜਿਵੇਂ ਲੈਂਡਡ ਇਮੀਗਰਾਂਟ ਦੇ ਪੇਪਰ ਜਾਂ ਕੋਈ ਕੋਰਟ ਵਲੋਂ ਜਾਰੀ ਕੀਤਾ ਹੁਕਮ )

3. **ਬੱਚੇ ਅਤੇ ਮਾਪਿਆਂ ਦੀ ਨਾਗਰਿਕਤਾ ਦਾ ਸਬੂਤ** ( ਜਿਵੇਂ ਕਿ ਕੈਨੇਡਾ ਵਿੱਚ ਜਨਮ ਹੋਣ ਦਾ ਸਰਟੀਫਿਕੇਟ, ਨਾਗਰਿਕਤਾ ਦਾ ਕਾਰਡ, ਪਾਸਪੋਰਟ, ਲੈਂਡਡ ਇਮੀਗ੍ਰਾਂਟ ਦੇ ਪੇਪਰ, ਪੀ.ਆਰ. ਕਾਰਡ, ਇਨਹੈਂਸਡ ਡਰਾਈਵਰ ਲਾਈਸੈਂਸ ਜਾਂ ਇਨਹੈਂਸਡ ਆਈ.ਡੀ. ਕਾਰਡ)

4. **ਮਾਪਿਆਂ ਦਾ ਬੀ.ਸੀ. ਵਿੱਚ ਰਹਿਣ ਦਾ ਸਬੂਤ**

   ੳ. ਬੀ.ਸੀ. ਦਾ ਡਰਾਈਵਰ ਲਾਈਸੈਂਸ, ਬੀ.ਸੀ.ਆਈ. ਡੀ. ਜਾਂ ਬੀ.ਸੀ. ਦਾ ਕੇਅਰ ਕਾਰਡ ਜੋ ਮਾਪਿਆਂ ਨੂੰ ਮਿਲਿਆ ਹੋਵੇ

   ਅ. ਹੋਰ ਦਸਤਾਵੇਜ਼ ਜਿਵੇਂ ਕਿਰਾਏ ਜਾਂ ਲੀਸ ਓਪਰ ਲਏ ਰਹਿਣ ਦੀ ਜਗਾਹ ਦਾ ਸਬੂਤ, ਕਾਰ ਦੀ ਰੈਜਿਸਟਰੇਸ਼ਨ, ਨੌਕਰੀ ਦਾ ਸਬੂਤ, ਕੈਨੇਡਾ ਵਿੱਚ ਇਨਕਮ ਟੈਕਸ ਭਰਨ ਦਾ ਸਬੂਤ ਆਦਿਕ ।

5. **ਰਹਿਣ ਦੇ ਪਤੇ ਦਾ ਸਬੂਤ** (ਘਰ ਖਰੀਦੇ ਹੋਏ ਜਾ ਕਿਰਾਏ ਤੇ ਰਹਿਣ ਦੇ ਪੇਪਰ, ਗੈਸ ਜਾਂ ਬਿਜਲੀ ਦਾ ਬਿੱਲ, ਡਰਾਈਵਰ ਲਾਈਸੈਂਸ ਆਦਿਕ ) ਕਈ ਵਾਰ ਸਕੂਲ ਹੋਰ ਵੀ ਜਾਣਕਾਰੀ ਲਈ ਸਬੂਤ ਮੰਗ ਕਰ ਸਕਦੇ ਹਨ ਜਦੋਂ ਸੀਟਾਂ ਦੀ ਤੰਗੀ ਹੋਵੇ

ਸਕੂਲ ਡਿਸਟਰਿਕਟ ਇਸ ਗੱਲ ਤੋਂ ਜਾਣੂ ਹੈ ਕਿ ਕਈ ਵਾਰ ਮਾਪਿਆਂ ਲਈ ਦਾਖਲੇ ਵੇਲੇ ਇਹਨਾਂ ਸਬੂਤਾਂ ਸਬੰਧੀ ਮੁਸ਼ਕਲਾਂ ਪੇਸ਼ ਆ ਸਕਦੀਆਂ ਹਨ । ਆਪਣੀ ਨਿਜੀ ਮਜਬੂਰੀ ਲਈ ਸਕੂਲ ਦੇ ਪ੍ਰਿੰਸੀਪਲ ਨਾਲ ਜ਼ਰੂਰ ਸਲਾਹ ਮਸ਼ਵਰਾ ਕਰੋ ।

ਅਸੀਂ ਸਾਰੇ ਨਵੇਂ ਵਿਦਿਆਰਥੀਆਂ ਨੂੰ ਸਰ੍ਹੀ ਦੇ ਪਬਲਿਕ ਸਕੂਲਾਂ ਵਿੱਚ ਜੀ ਆਇਆਂ ਕਹਿੰਦੇ ਹਾਂ ਅਤੇ ਅਸੀਂ ਹਰ ਤਰਾਂ ਨਾਲ ਮਦਦ ਕਰਨ ਲਈ ਤਿਆਰ ਹਾਂ । ਹੋਰ ਜਾਣਕਾਰੀ ਲਈ ਆਪਦੇ ਗੁਆਂਢ ਦੇ ਸਕੂਲ ਵਿੱਚ ਜਾਓ ਜਾਂ ਸਕੂਲ ਡਿਸਟਰਿਕਟ ਦੇ ਮੁੱਖ ਦਫਤਰ ਫੋਨ ਕਰੋ : (604) 596-7733.

ਇਹ ਦਸਤਾਵੇਜ ਦਾਖਲੇ ਲਈ ਮਦਦਗਾਰ ਹੋ ਸਕਦੇ ਹਨ **ਪਰ ਦਾਖਲੇ ਲਈ ਜ਼ਰੂਰੀ ਨਹੀ :**

- ਸਿਹਤ ਸਬੰਧੀ ਦਸਤਾਵੇਜ਼ (ਬੀ.ਸੀ.ਕੇਅਰ ਕਾਰਡ, ਬੱਚੇ ਦੇ ਲਗੇ ਟੀਕਿਆਂ ਦਾ ਰਿਕਾਰਡ, ਬੱਚੇ ਦੀ ਸਿਹਤ ਬਾਰੇ ਜਾਣਕਾਰੀ);

- ਬੱਚੇ ਦੀ ਪਿਛੋਕੜ ਵਿਦਿਆ ਸਬੰਧੀ ਜਾਣਕਾਰੀ (ਰੀਪੋਰਟ ਕਾਰਡ)

***ਦਾਖਲੇ ਸਬੰਧੀ ਜਾਣਕਾਰੀ, ਗੁਆਂਢ ਵਿੱਚ ਸਕੂਲ ਲੱਭਣ ਲਈ ਜਾਣਕਾਰੀ ਅਤੇ ਸਕੂਲ ਨਾਲ ਸਪੰਰਕ ਪੈਦਾ ਕਰਨ ਦੀ ਸਾਰੀ ਜਾਣਕਾਰੀ ਇਸ ਪਤੇ ਓਪਰ ਤੋਂ ਮਿਲ ਸਕਦੀ ਹੈ:***

***www.surreyschools.ca***